# ANGEL'S PUBLIC SCHOOL

Strive for Perfection

## HALF YEARLY EXAMINATION

## (SAMPLE PAPER)

**SESSION 2026 – 27**

**SUBJECT : PUNJABI**

**TIME : 03 HRS** **GRADE – X** **M.M:80**

**ਭਾਗ- ੳ (ਪੜ੍ਹਨ ਕੌਸ਼ਲ)**

**1. ਹੇਠਾਂ ਦਿੱਤਾ ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-** **(6×1=6)**

ਰੁੱਖ ਸਾਡੇ ਜੀਵਨ ਦਾ ਅਟੁੱਟ ਹਿੱਸਾ ਹਨ। ਇਹ ਸਾਨੂੰ ਸ਼ੁੱਧ ਹਵਾ, ਫਲ, ਫੁੱਲ, ਲੱਕੜ ਅਤੇ ਦਵਾਈਆਂ ਦਿੰਦੇ ਹਨ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਬੰਨ੍ਹ ਕੇ ਰੱਖਦੀਆਂ ਹਨ ਜਿਸ ਨਾਲ ਮਿੱਟੀ ਦਾ ਕਟਾਅ ਨਹੀਂ ਹੁੰਦਾ। ਅੱਜਕੱਲ੍ਹ ਵਧ ਰਹੀ ਆਬਾਦੀ ਅਤੇ ਉਦਯੋਗੀਕਰਨ ਕਾਰਨ ਰੁੱਖਾਂ ਦੀ ਕਟਾਈ ਤੇਜ਼ੀ ਨਾਲ ਹੋ ਰਹੀ ਹੈ, ਜਿਸ ਕਾਰਨ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ। ਹਰ ਵਿਅਕਤੀ ਦਾ ਫ਼ਰਜ਼ ਹੈ ਕਿ ਉਹ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਏ ਅਤੇ ਉਸ ਦੀ ਸੰਭਾਲ ਵੀ ਕਰੇ। ਜੇ ਅਸੀਂ ਅੱਜ ਰੁੱਖਾਂ ਦੀ ਰੱਖਿਆ ਕਰਾਂਗੇ ਤਾਂ ਭਵਿੱਖ ਵਿੱਚ ਸਾਨੂੰ ਸਾਫ਼ ਹਵਾ ਅਤੇ ਸੁੰਦਰ ਵਾਤਾਵਰਣ ਮਿਲੇਗਾ।

ੳ) ਰੁੱਖ ਸਾਨੂੰ ਕੀ-ਕੀ ਦਿੰਦੇ ਹਨ?
ਅ)ਰੁੱਖਾਂ ਦੀਆਂ ਜੜ੍ਹਾਂ ਦਾ ਕੀ ਕੰਮ ਹੈ?
ੲ)ਰੁੱਖਾਂ ਦੀ ਕਟਾਈ ਦਾ ਇੱਕ ਕਾਰਨ ਲਿਖੋ।
ਸ)ਹਰ ਵਿਅਕਤੀ ਦਾ ਕੀ ਫ਼ਰਜ਼ ਹੈ?
ਹ)ਜੇਕਰ ਅਸੀਂ ਰੁੱਖਾਂ ਦੀ ਰੱਖਿਆ ਕੀਤੀ ਤਾਂ ਸਾਨੂੰ ਕੀ ਮਿਲੇਗਾ?
ਕ)ਇਸ ਪੈਰੇ ਲਈ ਢੁੱਕਵਾਂ ਸਿਰਲੇਖ ਲਿਖੋ।

**2. ਹੇਠਾਂ ਦਿੱਤੀ ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-** **(4×1=4)**

ਮਿਹਨਤ ਕਰਦਾ ਰਹਿ ਮਨੁੱਖ
ਕਦੇ ਨਾ ਹਿੰਮਤ ਹਾਰ।
ਸੱਚ ਦੀ ਰਾਹ ਤੇ ਤੁਰਦਾ ਰਹਿ,
ਮਿਲੇਗਾ ਤੈਨੂੰ ਸਤਿਕਾਰ।

ੳ)ਕਵੀ ਮਨੁੱਖ ਨੂੰ ਕੀ ਕਰਨ ਦੀ ਪ੍ਰੇਰਣਾ ਦਿੰਦਾ ਹੈ?
ਅ)ਮਨੁੱਖ ਨੂੰ ਕਿਹੜੀ ਰਾਹ 'ਤੇ ਤੁਰਨਾ ਚਾਹੀਦਾ ਹੈ?
ੲ)ਕਵਿਤਾ ਦਾ ਮੁੱਖ ਭਾਵ ਕੀ ਹੈ?
ਸ)"ਸਤਿਕਾਰ" ਸ਼ਬਦ ਦਾ ਅਰਥ ਲਿਖੋ।

**ਭਾਗ-ਅ (ਵਿਆਕਰਣ)**

**3. ਸਮਾਸੀ ਸ਼ਬਦ ਬਣਾਓ:- (ਕੋਈ ਦੋ)** **(2×1=2)**

i.ਰਾਜ + ਪੁੱਤਰ ii. ਜਲ + ਪਾਨ iii.ਸਾਕ +ਸੰਬੰਧੀ

**4. ਕਿਰਿਆ ਵਿਸ਼ੇਸ਼ਣ ਦੀ ਪਛਾਣ ਕਰੋ:-(ਕੋਈ ਦੋ).** **(2×1=2)**

i. ਉਹ ਹੌਲੀ-ਹੌਲੀ ਤੁਰਿਆ। ii. ਮੈਂ ਕੱਲ੍ਹ ਆਵਾਂਗਾ। iii. ਉਹ ਬਹੁਤ ਤੇਜ਼ ਦੌੜਿਆ

**5. ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖੋ:-(ਕੋਈ ਦੋ).** **(2×1=2)**

i. ਉੱਚਾ ii.ਪੱਤਰ iii.ਹਾਰ

**6. ਅੱਗੇਤਰ ਲਗਾ ਕੇ ਸ਼ਬਦ ਬਣਾਓ:- (ਕੋਈ ਇੱਕ)।** **(1×1=1)**

i. ਮਹਾਂ ii. ਲੋਕ iii. ਬਦ

**7. ਪਿੱਛੇਤਰ ਲਗਾ ਕੇ ਸ਼ਬਦ ਬਣਾਓ:-(ਕੋਈ ਇੱਕ)।** **(1x1=1)**

i. ਆਪ ii. ਆਤਮਾ

**8. ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਬਦਲੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ:-(ਕੋਈ ਚਾਰ)** **(4×1=4)**

i.ਗੱਲ ਪੈ ਜਾਣਾ ii.ਗੁੱਡੀ ਚੜ੍ਹਨੀ iii.ਗਰੀਬ ਮਾਰ ਕਰਨੀ iv .ਘਰ ਕਰ ਜਾਣਾ v.ਘੁਣ ਲੱਗਣਾ vi.ਘੱਟਾ ਛਾਨਣਾ

## ਭਾਗ-ੲ (ਲਿਖਣ ਕੌਸ਼ਲ)

**9. ਹੇਠਾਂ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਲਗਭਗ 250 ਸ਼ਬਦਾਂ ਵਿੱਚ ਲੇਖ ਲਿਖੋ:-** **(8)**

1.**ਦੇਸ਼ ਪਿਆਰ**

ਨੁਕਤੇ- ਭੂਮਿਕਾ ,ਦੇਸ਼ ਪਿਆਰ ਦਾ ਮੁੱਢ ,ਦੇਸ਼ ਪਿਆਰ ਲਈ ਕੁਰਬਾਨੀ, ਦੇਸ਼ ਪਿਆਰ ਦੇ ਰੂਪ, ਦੇਸ਼ ਸੇਵਾ ਕੁਰਬਾਨੀ ਹੈ ਦਿਖਾਵਾ ਨਹੀਂ, ਕੁਦਰਤੀ ਜਜ਼ਬ , ਸਾਰੰਸ਼।

2.**ਸਮੇਂ ਦੀ ਕਦਰ**

ਨੁਕਤੇ - ਭੂਮਿਕਾ, ਪਛੜੇ ਰਹਿਣ ਦਾ ਕਾਰਨ,ਸਮੇਂ ਦਾ ਸਦਉਪਯੋਗ, ਸਮੇਂ ਦਾ ਪਾਬੰਦ ਹੋਣਾ , ਸਮੇਂ ਬਰਬਾਦ ਕਰਨ ਦੇ ਨੁਕਸਾਨ,ਸਾਰੰਸ਼।

**10. ਹੇਠਾਂ ਦਿੱਤੇ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੱਤਰ ਲਿਖੋ:-**
**(6)**

ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸਕੂਲ ਵਿੱਚ ਕੰਟੀਨ ਦਾ ਇੰਤਜ਼ਾਮ ਕਰਨ ਲਈ ਬਿਨੇ ਪੱਤਰ ਲਿਖੋ:-

ਜਾ

ਆਪਣੇ ਜਨਮਦਿਨ ਦੀ ਪਾਰਟੀ ਲਈ ਮੋਹਨ ਬੇਕਰੀ ਦੇ ਮੈਨੇਜਰ ਨੂੰ ਕੇਕ ਅਤੇ ਹੋਰ ਖਾਣ ਪੀਣ ਦੇ ਸਮਾਨ ਦਾ ਆਰਡਰ ਦੇਣ ਲਈ ਪੱਤਰ ਲਿਖੋ:-

**11. ਹੇਠਾਂ ਦਿੱਤੇ ਚਿੱਤਰ ਦਾ ਵਰਣਨ 60–80 ਸ਼ਬਦਾਂ ਵਿੱਚ ਕਰੋ:-** **(4)**



## ਭਾਗ-ਸ (ਪਾਠ ਪੁਸਤਕ)

**12. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ:-**
**(ਕਹਾਣੀ ਤੇ ਵਾਰਤਕ ਵਿਚੋਂ )** **(5×1=5)**

ੳ) ਉਹ ਕਿਹੜੀ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਅਤੇ ਸੱਧਰਾਂ ਪਲਦੀਆਂ ਹਨ?
ਅ) ਪ੍ਰੀਤ ਨਗਰ ਕਿਸ ਨੇ ਵਸਾਇਆ?
ੲ) ਸਿੱਖ ਦੀ ਅਰਦਾਸ ਕਦੋਂ ਸਫਲ ਹੁੰਦੀ ਹੈ?
ਸ)"ਮੇਰੇ ਵੱਡੇ ਵਡੇਰੇ" ਤੋਂ ਕੀ ਸਿੱਖਿਆ ਮਿਲਦੀ ਹੈ?
ਹ)"ਕੁਲਫ਼ੀ" ਕਹਾਣੀ ਦਾ ਮੁੱਖ ਪਾਤਰ ਕੌਣ ਹੈ?
ਕ)"ਅੰਗ-ਸੰਗ" ਇਕਾਂਗੀ ਦਾ ਮੁੱਖ ਵਿਸ਼ਾ ਕੀ ਹੈ?

**13. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ:-**
**(ਕਵਿਤਾ ਤੇ ਇਕਾਂਗੀ ਵਿੱਚੋ)** **(5×1=5)**

ੳ)ਸੂਰਜ ਦੇ ਨਿਕਲਣ ਤੇ ਕੀ ਹੁੰਦਾ ਹੈ ?
ਅ)ਸੀਤਲ ਦਾ ਸ਼ਬਦ ਦਾ ਕੀ ਅਰਥ ਹੈ?
ੲ) ਸੁਖਮਨੀ ਕਿਸ ਦੀ ਰਚਨਾ ਹੈ?
ਸ) ਸ੍ਰੀ ਗੁਰੂ ਅਮਰਦਾਸ ਜੀ ਪਰਮਾਤਮਾ ਅੱਗੇ ਕੀ ਕਰਦੇ ਹਨ ?
ਹ)ਕੌਣ ਆਪਣੇ ਆਪ ਨੂੰ ਪਾਪੀ ਜਾਂ ਵੱਡਾ ਗੁਨਾਹਗਾਰ ਕਹਿੰਦਾ ਹੈ?
ਕ) ਵਿਕਾਰ ਦਾ ਅਰਥ ਦੱਸੋ?

**14. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਸੱਤ ਦੇ ਉੱਤਰ ਦਿਓ:-**
**(ਕਹਾਣੀ, ਇਕਾਂਗੀ ਤੇ ਵਾਰਤਕ ਵਿੱਚੋ)** **(7×2=14)**

ੳ)"ਘਰ ਦਾ ਪਿਆਰ" ਅਨੁਸਾਰ ਘਰ ਤੋ ਕੀ ਭਾਵ ਹੈ।
ਅ)"ਕੁਲਫ਼ੀ" ਕਹਾਣੀ ਦਾ ਨੈਤਿਕ ਸੰਦੇਸ਼ ਲਿਖੋ।
ੲ) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?
ਸ)"ਬੋਲੀ" ਪਾਠ ਤੋਂ ਮਿਲਣ ਵਾਲੀਆਂ ਸਿੱਖਿਆਵਾਂ ਲਿਖੋ।
ਹ)ਕੁਲਫੀ ਕਹਾਣੀ ਵਿੱਚ ਕਹਾਣੀਕਾਰ ਆਪਣੇ ਪੁੱਤਰ ਨੂੰ ਕੁਲਫੀ ਕਿਉਂ ਨਹੀਂ ਸੀ ਦਵਾ ਸਕਦਾ ?
ਕ) ਲੇਟਿਆ ਹੋਇਆ ਅਮਰੀਕ ਕਿੰਨਾ ਦਿਨਾਂ ਬਾਰੇ ਸੋਚ ਰਿਹਾ ਸੀ?
ਖ)ਕਰਤਾਰ ਸਿੰਘ ਦੀ ਲਾਸ਼ ਪਿੰਡ ਆਉਣ ਤੇ ਪਰਿਵਾਰ ਤੇ ਕੀ ਬੀਤੀ,?
ਗ)ਸ਼ਾਹ ਜੀ ਦੇ ਲੜਕੇ ਬਾਰੇ ਜਾਣਕਾਰੀ ਦਿਓ।

**15. ਹੇਠਾਂ ਦਿੱਤੇ ਇਕਾਂਗੀ ਦੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ ਦਿਓ:-** **(4x1=4)**

ਡਾਕਟਰ ਹਰਚਰਨ ਸਿੰਘ ਦੇ ਇਕਾਂਗੀ ਜ਼ਫ਼ਰਨਾਮਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਜਫਰਨਾਮਾ ਇਕਾਂਗੀ ਦੀ ਇਸਤਰੀ ਪਾਤਰ ਬੇਗਮ ਉਦੇਪੁਰੀ ਨਾਲ ਜਾਣ ਪਛਾਣ ਕਰਾਓ।

**16. ਕਹਾਣੀ ਤੇ ਵਾਰਤਕ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ:-** **(4x1=4)**

ੳ)ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਕਿਹੜੀ ਤੰਗੀ ਹੁੰਦੀ ਹੈ ?
ਅ)ਕੌਣ ਸੜਕ ਤੇ ਸਮਾਂ ਬਰਬਾਦ ਕਰ ਰਿਹਾ ?
ੲ)ਅਮਰੀਕ ਦੇ ਛੋਟੇ ਭਰਾ ਦਾ ਕੀ ਨਾਂ ਸੀ?
ਸ)ਮਰਨ ਸਮੇਂ ਕਰਤਾਰ ਦੀ ਉਮਰ ਕਿੰਨੀ ਸੀ?
ਹ)ਗੁਰਬਖਸ਼ ਸਿੰਘ ਦਾ ਜੀਵਨ ਕਾਲ ਕਿਹੜਾ ਹੈ ?

**17. ਕਵਿਤਾ ਤੇ ਵਾਰਤਕ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ:-** **(2x4=8)**

ੳ) ਕਿਰਪਾ ਕਰ ਬਖਸ਼ ਲੈ ਕਵਿਤਾ ਦਾ ਸਾਰ ਲਿਖੋ।
ਅ) ਸਤਿਗੁਰੂ ਨਾਨਕ ਪ੍ਰਗਟਿਆ ਦਾ ਸਾਰ ਲਿਖੋ।
ੲ) ਪ੍ਰਾਰਥਨਾ ਕਹਾਣੀ ਦਾ ਸਾਰ ਲਿਖੋ।